## ਪੰਜਾਬ ਮੰਡੀ ਬੋਰਡ
## ਪੰਜਾਬ ਮੰਡੀ ਭਵਨ, ਸੈਕਟਰ 65-ਏ, ਐਸ.ਏ.ਐਸ. ਨਗਰ (ਮੁਹਾਲੀ)।

E-mail: pmb.xensouth@punjabmail.gov.in

ਨੰ: ਦੱਖਣ/- 17814
ਮਿਤੀ : 04-12-19

ਮੁੱਖ ਇੰਜੀਨੀਅਰ (ਸਾਊਥ),
ਲੋਕ ਨਿਰਮਾਣ ਵਿਭਾਗ (ਭ ਤੇ ਮ ਸਾਖਾ),
ਪਟਿਆਲਾ।

ਵਿਸ਼ਾ:- ਪ੍ਰਬੰਧਕੀ ਪ੍ਰਵਾਨਗੀ ਜਾਰੀ ਕਰਨ ਬਾਰੇ। **(ਲਿੰਕ ਰੋਡਜ਼ ਰਿਪੇਅਰ ਪ੍ਰੋਗਰਾਮ 2018-19 ਫੇਜ਼-2)**

ਹਵਾਲ:- ਆਪ ਦਾ ਮੀਮੋ ਨੰ: 3738, 3740 ਮਿਤੀ 18.11.2019

ਉਪਰੋਕਤ ਹਵਾਲੇ ਅਧੀਨ ਪੱਤਰ ਰਾਹੀਂ **ਲਿੰਕ ਸੜਕਾਂ ਦੀ ਖਾਸ ਮੁਰੰਮਤ/ਵਾਈਡਨਿੰਗ ਅਤੇ ਸਟਰੈਥਨਿੰਗ ਕਰਨ** ਦੀ ਪ੍ਰਬੰਧਕੀ ਪ੍ਰਵਾਨਗੀ ਹੇਠ ਲਿਖੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

| ਲੜੀ ਨੰ: | ਸੜਕ ਦਾ ਨਾਂ | ਲੰਬਾਈ (ਕਿ.ਮੀ.) | ਲਾਗਤ (ਲੱਖਾਂ ਵਿੱਚ) |
|---|---|---|---|
| 1 | DETAILED ESTIMATE FOR WIDENING AND STRENGTHENING OF ROAD SANGRUR TO BHAWANIGARH SUNAM ROAD, MC SANGRUR, DISTRICT SANGRUR. (ROAD CODE S13002) | 2.00 | 332.24 |
| 2 | DETAILED ESTIMATE FOR UPGRADATION OF LINK ROAD BHAWANIGARH PATIALA ROAD TO PHUMANWAL ROAD, MC BHAWANIGARH, DISTRICT SANGRUR. (ROAD CODE SGR008024) (WIDENING 10' to 18') | 2.43 | 124.10 |
| 3 | DETAILED ESTIMATE FOR SPECIAL REPAIR OF LINK ROAD GHABDAN TO PGI & NH-07 VIA BABA POTHIWALA ROAD, MC SANGRUR, DISTRICT SANGRUR. (ROAD CODE SGR010014&SGR010130) (WIDENING 10' to 18') | 3.40 | 172.43 |
| 4 | DETAILED ESTIMATE FOR UPGRADATION OF LINK ROAD SANGRUR PATIALA ROAD TO MUNSHIWALA VIA MASANI ROAD, MC BHAWANIGARH, DISTRICT SANGRUR. (ROAD CODE SGR008010 & 08050) (WIDENING 10' to 18') | 2.34 | 121.89 |
| 5 | DETAILED ESTIMATE FOR SPECIAL REPAIR OF LINK ROAD TARANJIKHERA TO RATOLAN, MC SULLER, DISTRICT SANGRUR. (ROAD CODE SGR012039) | 2.15 | 29.97 |
| 6 | DETAILED ESTIMATE FOR UPGRADATION OF LINK ROAD KALAJHAR TO PHUMAN ROAD, MC BHAWANIGARH, DISTRICT SANGRUR. (ROAD CODE SGR008064) (WIDENING 10' to 18') | 3.49 | 161.18 |
| | **ਕੁੱਲ ਜੋੜ** | **15.81** | **941.81** |

ਸਕੱਤਰ, ਪੰਜਾਬ ਮੰਡੀ ਬੋਰਡ ਵਲੋਂ ਐਗਜ਼ੀਕਿਊਸ਼ਨ ਆਫ ਵਰਕਸ ਰੂਲਜ਼ 1979 ਦੇ ਰੂਲ 10 (ਫਸਟ ਅਮੈਂਡਮੈਂਟ) ਰੂਲ 2002 ਨੋਟੀਫਿਕੇਸ਼ਨ ਨੰ: 11/11/2002-ਐਮ-3/16102, ਮਿਤੀ 02-10-2002 ਅਨੁਸਾਰ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਉਪਰੋਕਤ ਅਨੁਸਾਰ **ਲਿੰਕ ਸੜਕਾਂ ਦੀ ਖਾਸ ਮੁਰੰਮਤ/ਵਾਈਡਨਿੰਗ ਅਤੇ ਸਟਰੈਥਨਿੰਗ ਕਰਨ ਦੀ ਪ੍ਰਬੰਧਕੀ ਪ੍ਰਵਾਨਗੀ** ਹੇਠ ਲਿਖੀਆਂ ਸਰਤਾਂ ਤੇ ਦਿੱਤੀ ਜਾਂਦੀ ਹੈ:-

1. ਇਹ ਪ੍ਰਬੰਧਕੀ ਪ੍ਰਵਾਨਗੀ ਸਬੰਧਤ ਕਾਰਜਕਾਰੀ ਇੰਜੀਨੀਅਰ ਵੱਲੋਂ ਭੇਜੀ ਸੜਕ ਦੀ ਲੰਬਾਈ ਅਤੇ ਲਾਗਤ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ।
2. ਕੰਮ ਸੁਰੂ ਕਰਨ ਤੋਂ ਪਹਿਲਾਂ ਕਾਰਜਕਾਰੀ ਇੰਜੀਨੀਅਰ, ਇਹ ਤਸਦੀਕ ਕਰੇ ਕਿ ਇਹ ਸੜਕਾਂ ਪਲਾਨ/ਨਗਰ ਪਾਲਿਕਾ/ਨਿਗਮ ਸੁਧਾਰ ਟਰੱਸਟ/ ਨਿੱਜੀ ਮਲਕੀਅਤ ਦੀਆਂ ਨਹੀਂ ਹਨ।
3. ਇਸ ਪ੍ਰਬੰਧਕੀ ਪ੍ਰਵਾਨਗੀ ਤੋਂ ਬਾਅਦ ਕੰਮ ਦਾ ਡਿਟੇਲ ਤਖਮੀਨਾ ਤਿਆਰ ਕਰਕੇ ਸਮਰੱਥ ਅਧਿਕਾਰੀ ਤੋਂ ਤਕਨੀਕੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ, ਇਸ ਉਪਰੰਤ ਹੀ ਕੰਮ ਹੱਥ ਵਿੱਚ ਲਿਆ ਜਾਵੇਗਾ ਤਾਂ ਜੋ ਕਿ ਮੌਕੇ ਦੀ ਲੋੜ ਅਤੇ ਪ੍ਰਵਾਨ ਐਸਟੀਮੇਟਾਂ ਦੀਆਂ ਵਿਵਸਥਾਵਾਂ ਵਿੱਚ ਕਿਸੇ ਫਰਕ ਦੀ ਗੁਜਾਇੰਸ ਨਾ ਰਹੇ।
4. ਇਹ ਪ੍ਰਬੰਧਕੀ ਪ੍ਰਵਾਨਗੀ ਇਸ ਸਰਤ ਤੇ ਜਾਰੀ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਸਟੇਟ ਕੈਂਸਰ ਐਂਡ ਡਰੱਗ ਐਡੀਕਸਨ ਟਰੀਟਮੈਂਟ ਇਨਫਰਾਸਟਰਕਚਰ ਫੰਡ ਅਤੇ ਕਲਚਰਲ ਹੈਰੀਟੇਜ ਮੇਨਟੇਨੈਸ ਅਤੇ ਡਿਵੈਲਪਮੈਂਟ ਫੰਡ ਸਬੰਧੀ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਸਿਰ ਕੀਤੀਆ ਹਦਾਂਇਤਾਂ ਦੀ ਇੰਨ ਬਿਨ ਪਾਲਣਾ ਕੀਤੀ ਜਾਵੇ।
5. ਤਖਮੀਨਿਆ ਵਿੱਚ ਕੰਟਨਜੰਸੀ 0.5%, 1% ਕਲਚਰਲ ਸੈਸ ਕੁੱਲ 1.5% ਦਾ ਉਪਬੰਧ ਕੀਤਾ ਜਾਵੇ।
6. ਆਪ ਵਲੋਂ ਪੰਜਾਬ ਵਿੱਤੀ ਰੂਲ/ਇੰਜੀਨੀਅਰਿੰਗ ਵਿੰਗ ਰੂਲਾਂ ਅਨੁਸਾਰ ਕੀਤੇ ਕੰਮਾਂ ਦਾ ਰਿਕਾਰਡ Measurement Book ਵਿੱਚ ਦਰਜ ਕੀਤਾ ਜਾਵੇ।

7 **ਪੰਜਾਬ ਮੰਡੀ ਬੋਰਡ** ਵਲੋਂ ਸਕੀਮ ਅਧੀਨ ਭੇਜੇ ਜਾ ਰਹੇ ਫੰਡਾਂ ਨੂੰ ਵੱਖਰੇ ਖਾਤੇ ਵਿੱਚ ਰੱਖਿਆ ਜਾਵੇ ਅਤੇ ਪੰਜਾਬ ਸਰਕਾਰ ਦੇ ਵਿੱਤੀ ਨਿਯਮਾਂ ਨੂੰ ਮੁੱਖ ਰੱਖਦੇ ਹੋਏ ਹੀ ਖਰਚ ਕਰਨਾ ਯਕੀਨੀ ਬਣਾਇਆ ਜਾਵੇ। ਫੰਡਾਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਅਣਵਰਤੇ ਫੰਡਾਂ ਨੂੰ ਫਿਕਸਡ /ਫਲੈਕਸੀ ਡਿਪਾਜਿਟ ਵਿੱਚ ਰੱਖਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਅਣਵਰਤੇ ਫੰਡਾਂ ਤੋਂ ਵੱਧ ਤੋਂ ਵੱਧ ਵਿਆਜ ਪ੍ਰਾਪਤ ਕੀਤਾ ਜਾ ਸਕੇ। ਜੋ ਵੀ ਵਿਆਜ ਪ੍ਰਾਪਤ ਹੁੰਦਾ ਹੈ ਉਹ **ਪੰਜਾਬ ਮੰਡੀ ਬੋਰਡ** ਨੂੰ ਵਾਪਸ ਭੇਜਿਆ ਜਾਣਾ ਯਕੀਨੀ ਬਣਾਇਆ ਜਾਵੇ।

8 ਇਹਨਾਂ ਫੰਡਾਂ ਦੇ ਵਿਰੁੱਧ ਕੀਤੇ ਕੰਮਾਂ ਦਾ ਕੰਮ ਵਾਈਜ ਵਰਤੋਂ ਸਰਟੀਫਿਕੇਟ ਨਿਰਧਾਰਤ ਪ੍ਰੋਫਾਰਮੇ ਵਿੱਚ ਸਮੇਂ ਸਿਰ ਭੇਜਣਾ ਯਕੀਨੀ ਬਣਾਇਆ ਜਾਵੇ। ਅਕਾਊਂਟ ਕਲੋਜਿੰਗ ਸਰਟੀਫਿਕੇਟ ਤੇ ਕਾਰਜਕਾਰੀ ਇੰਜੀਨੀਅਰ ਇਹ ਵੀ ਤਸਦੀਕ ਕਰੇਗਾ ਕਿ ਇਹ ਸਾਰੀਆਂ ਸੜਕਾਂ ਅਪਗ੍ਰੇਡ ਕਰ ਦਿੱਤੀਆਂ ਗਈਆਂ ਹਨ।

9 ਇਹਨਾਂ ਫੰਡਾਂ ਦੇ ਵਿਰੁੱਧ ਕੀਤੇ ਖਰਚਿਆਂ ਦਾ ਆਡਿਟ ਕਰਵਾਇਆ ਜਾਵੇ ।

10 ਜੇਕਰ ਇੰਨਾਂ ਕੰਮਾਂ ਲਈ ਫੰਡ ਕਿਸੇ ਹੋਰ ਏਜੰਸੀ ਤੋਂ ਵੀ ਪ੍ਰਾਪਤ ਹੋ ਜਾਂਦੇ ਹਨ ਤਾਂ ਇਹ ਫੰਡਜ ਵਿਆਜ ਸਮੇਤ **ਪੰਜਾਬ ਮੰਡੀ ਬੋਰਡ** ਨੂੰ ਵਾਪਸ ਭੇਜੇ ਜਾਣ।

11 ਕਾਰਜਕਾਰੀ ਇੰਜੀਨੀਅਰ ਇਸ ਗੱਲ ਯਕੀਨੀ ਬਣਾਉਣਗੇ ਇਹ ਸੜਕਾਂ 2013-14, 2015-16, 2016-17, 2018-19 ਅਤੇ ਪੀ.ਐਮ.ਜੀ.ਐਸ.ਵਾਈ. ਤਹਿਤ ਅਪਗ੍ਰੇਡ ਕੀਤੀਆਂ ਗਈਆਂ/ਜਾ ਰਹੀਆਂ ਅਤੇ ਸਲਾਨਾ ਰੱਖ ਰਖਾਵ ਵਾਲੀਆਂ ਸੜਕਾਂ ਰਿਪੇਅਰ ਪ੍ਰੋਗਰਾਮ ਅਧੀਨ ਕਵਰ ਨਹੀਂ ਹੋਈਆਂ।

12. ਇਹ ਪ੍ਰਵਾਨਗੀ **ਅਪੈਕਸ ਕਮੇਟੀ ਦੀ 15ਵੀਂ ਮੀਟਿੰਗ ਮਿਤੀ** 31.01.2019 ਅਤੇ **17ਵੀਂ ਮੀਟਿੰਗ ਮਿਤੀ** 13.06.2019 **ਅਤੇ ਤਕਨੀਕੀ ਸਲਾਹਕਾਰ, ਪੰਜਾਬ ਸਰਕਾਰ ਜੀ ਵੱਲੋਂ ਪੱਤਰ ਨੰ:** AT/PWD/EST/2019/1690 **ਮਿਤੀ** 18.09.2019 ਅਤੇ **ਪੱਤਰ ਨੰ:** AT/2019/PWD/EST/1691 **ਮਿਤੀ** 18.09.2019 ਰਾਹੀਂ ਵੈੱਟ ਕੀਤੇ ਤਖਮੀਨੇ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ।

13. ਇਹ ਪ੍ਰਵਾਨਗੀ **ਸਕੱਤਰ ਮੰਡੀ ਬੋਰਡ ਜੀ ਦੇ ਹੁਕਮ ਮਿਤੀ** 04.12.2019 ਅਨੁਸਾਰ **ਸਪੈਸ਼ਲ ਰਿਪੇਅਰ ਪ੍ਰੋਗਰਾਮ 2018-19 ਫੇਜ਼-2 ਅਧੀਨ ਮੰਡੀ ਬੋਰਡ ਫੰਡਾਂ ਵਿੱਚੋਂ** ਜਾਰੀ ਕੀਤੀ ਜਾਂਦੀ ਹੈ।

ਕਾਰਜਕਾਰੀ ਇੰਜੀਨੀਅਰ (ਦੱਖਣ)
ਵਾ:ਸਕੱਤਰ ਬੋਰਡ।

ਪਿੱਠ ਅੰਕਣ ਨੰ:/ ਦੱਖਣ/ 17815 ਮਿਤੀ: 04-12-19

ਉਪਰੋਕਤ ਦਾ ਉਤਾਰਾ **ਜਰਨਲ ਮਨੇਜਰ (ਵਿੱਤ ਤੇ ਲੇਖਾ) ਪੰਜਾਬ ਮੰਡੀ ਬੋਰਡ, ਐਸ.ਏ.ਐਸ ਨਗਰ** ਹੇਠ ਲਿਖਿਆ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ **ਲਿੰਕ ਸੜਕਾਂ ਦੀ ਖਾਸ ਮੁਰੰਮਤ/ਵਾਈਡਨਿੰਗ ਅਤੇ ਸਟਰੈਥਨਿੰਗ ਕਰਨ** ਲਈ ਲੋੜੀਦੇ ਫੰਡ ਹੇਠ ਲਿਖੇ ਅਨੁਸਾਰ ਜਾਰੀ ਕੀਤੇ ਜਾਣਗੇ:-

ੳ. 25% ਤਕਨੀਕੀ ਪ੍ਰਵਾਨਗੀ ਜਾਰੀ ਹੋਣ ਉਪਰੰਤ।

ਅ. 25% ਪਹਿਲਾਂ ਜਾਰੀ 25% ਫੰਡਾਂ ਦੀ ਯੂਟੇਲਾਈਜੇਸਨ ਲੈਣ ਉਪਰੰਤ।

ੲ. 25% ਪਹਿਲਾਂ ਜਾਰੀ 50% ਫੰਡਾਂ ਦੀ ਸੜਕ ਵਾਈਜ ਯੂਟੇਲਾਈਜੇਸਨ ਲੈਣ ਉਪਰੰਤ।

ਸ. 15% ਪਹਿਲਾਂ ਜਾਰੀ 75% ਫੰਡਾਂ ਦੀ ਸੜਕ ਵਾਈਜ ਯੂਟੈਲਾਈਜੇਸਨ ਲੈਣ ਉਪਰੰਤ, ਇਸ ਦੇ ਨਾਲ ਹੀ ਸਾਰੀਆਂ ਲਿੰਕ ਸੜਕਾਂ ਦਾ ਕੰਮ ਸਪੇਸੀਫਿਕੇਸਨ ਅਨੁਸਾਰ ਕੀਤੇ ਜਾਣ ਦਾ ਸਰਟੀਫਿਕੇਟ ਵੀ ਕਾਰਜਕਾਰੀ ਇੰਜੀਨੀਅਰ ਵਲੋਂ ਪ੍ਰਾਪਤ ਕਰਨ ਉਪਰੰਤ।

ਹ. ਬਕਾਇਆ 10% ਫੰਡ, ਪਹਿਲਾਂ ਜਾਰੀ ਕੀਤੇ ਗਏ ਕੁੱਲ 90% ਫੰਡਾਂ ਦੇ ਸੜਕ ਵਾਈਜ ਵਰਤੋਂ ਸਰਟੀਫਿਕੇਟ ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨੀਅਰ ਅਤੇ ਮੁੱਖ ਇੰਜੀਨੀਅਰ ਵਲੋਂ
ਡਵੀਜਨ ਦੇ ਓਵਰ ਆਲ ਕੰਮਾਂ ਦੀ ਤਸੱਲੀਬਖਸ ਰਿਪੋਰਟ ਵੀ ਪ੍ਰਾਪਤ ਕਰਨ ਅਤੇ 100% ਕੰਮਾਂ ਦੀ ਕੰਪਲੀਸਨ, ਅਸਲ ਖਰਚਾ ਅਤੇ ਵਿਆਜ ਪ੍ਰਾਪਤੀ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਜਾਰੀ ਕੀਤੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ (ਦੱਖਣ)
ਵਾ:ਸਕੱਤਰ ਬੋਰਡ।

ਪਿੱਠ ਅੰਕਣ ਨੰ:/ ਦੱਖਣ/ 17816-19 ਮਿਤੀ: 04-12-19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਇੰਜੀਨੀਅਰ-ਇੰਨ-ਚੀਫ, ਪੰਜਾਬ ਮੰਡੀ ਬੋਰਡ, ਐਸ.ਏ.ਐਸ ਨਗਰ।
2. ਮੁੱਖ ਇੰਜੀਨੀਅਰ (ਦੱਖਣ), ਪੰਜਾਬ ਮੰਡੀ ਬੋਰਡ, ਐਸ.ਏ.ਐਸ ਨਗਰ।
3. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਭਤੇਮ ਸ਼ਾਖਾ, ਸੰਗਰੂਰ।
4. ਸਰਕਲ ਮੁੱਖ ਖਰਜ਼ਾਕਾਰ (ਦੱਖਣ) ਪੰਜਾਬ ਮੰਡੀ ਬੋਰਡ, ਐਸ.ਏ.ਐਸ ਨਗਰ।

ਕਾਰਜਕਾਰੀ ਇੰਜੀਨੀਅਰ (ਦੱਖਣ)
ਵਾ:ਸਕੱਤਰ ਬੋਰਡ।